BRAMPTON Flower City
brampton.ca

media release

20 ਨਵੰਬਰ, 2018

# 3 ਦਸੰਬਰ ਨੂੰ ਬ੍ਰੈਂਪਟਨ ਸਿਟੀ ਕਾਉਂਸਿਲ ਦਾ ਉਦਘਾਟਨ
## *ਸਮਾਰੋਹ ਦੀ ਲਾਈਵ ਸਟ੍ਰੀਮਿੰਗ ਹੋਵੇਗੀ*

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) ਸੋਮਵਾਰ, 3 ਦਸੰਬਰ, 2018 ਨੂੰ ਰਾਤ 8 ਵਜੇ ਰੋਜ਼ ਥਿਏਟਰ, 1 ਥਿਏਟਰ ਲੇਨ (Rose Theatre, 1 Theatre Lane) ਵਿਖੇ ਆਪਣੀ ਕਾਉਂਸਿਲ ਦੇ ਉਦਘਾਟਨ (Council Inauguration) ਦਾ ਸਮਾਰੋਹ ਆਯੋਜਿਤ ਕਰੇਗੀ। ਇਸ ਮੌਕੇ, ਨਵੀਂ ਕਾਉਂਸਿਲ ਦੇ ਮੈਂਬਰ, 2018-2022 ਦੀ ਟਰਮ ਲਈ ਰਸਮੀ ਤੌਰ ਤੇ ਸਹੁੰ ਚੁੱਕਣਗੇ।

ਕਾਉਂਸਿਲ ਦੇ ਉਦਘਾਟਨ (Council Inauguration) ਦਾ ਸਮਾਰੋਹ ਸਿਟੀ ਦੀ ਵੈਬਸਾਈਟ www.brampton.ca ਤੇ ਅਤੇ ਗਾਰਡਨ ਸਕਵੇਅਰ (Garden Square) (ਰੋਜ਼ ਥਿਏਟਰ ਦੇ ਬਾਹਰਲੇ ਪਾਸੇ) ਵਿੱਚ ਵੱਡੀ ਐਲ.ਈ.ਡੀ. (LED) ਸਕ੍ਰੀਨ ਉੱਤੇ ਲਾਈਵ ਦਿਖਾਇਆ ਜਾਏਗਾ। ਲਾਈਵ ਸਟ੍ਰੀਮ, ਸਿਟੀ ਹਾਲ, 2 ਵੈਲਿੰਗਟਨ ਸਟ੍ਰੀਟ ਵੈਸਟ (City Hall, 2 Wellington Street West) ਦੀ ਹੇਠਲੀ ਮੰਜ਼ਲ ਤੇ ਕਨਸਰਵੇਟਰੀ (Conservatory) ਵਿੱਚ ਵੀ ਪ੍ਰਸਾਰਿਤ ਕੀਤੀ ਜਾਏਗੀ, ਜਿੱਥੇ ਆਮ ਲੋਕਾਂ ਦਾ ਸੁਆਗਤ ਹੈ। ਸਿਟੀ ਹਾਲ (City Hall) ਵਿਖੇ ਅੰਡਰਗ੍ਰਾਉਂਡ ਪਾਰਕਿੰਗ ਉਪਲਬਧ ਹੈ। ਡਾਉਨਟਾਉਨ ਵਿੱਚ ਵਾਧੂ ਪਾਰਕਿੰਗ ਉਪਲਬਧ ਹੈ। ਸਿਟੀ ਵੈਬਸਾਈਟ (City website) ਤੇ ਇੰਟਰਐਕਟਿਵ ਮੈਪ ਦੇਖੋ।

**ਮੁੱਖ ਝਲਕੀਆਂ**

- ਵੱਡੇ ਅਹੁਦੇ ਵਾਲੇ ਅਧਿਕਾਰੀਆਂ, ਜਿਹਨਾਂ ਵਿੱਚ ਸ਼ਾਮਲ ਹਨ, ਐਮ.ਪੀ. (MP) ਅਤੇ ਐਮ.ਪੀ.ਪੀ. (MPP), ਪੀਲ ਰੀਜਨਲ ਪੁਲਿਸ (Peel Regional Police), ਪੀਲ ਰੀਜਨਲ ਪੈਰਾਮੈਡਿਕ ਸਰਵਿਸਿਜ (Peel Regional Paramedic Services) ਦੇ ਨੁਮਾਇੰਦਿਆਂ ਅਤੇ ਭਾਈਚਾਰਕ ਸਮੂਹਾਂ ਨੂੰ ਉਦਘਾਟਨ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ।
- ਕਿਉਂਕਿ ਸਮਾਰੋਹ ਦੇ ਸਥਾਨ ਵਿਖੇ ਸੀਮਿਤ ਸੀਟਾਂ ਹਨ, ਇਸਲਈ ਜੋ ਵੀ ਆਮ ਲੋਕ ਸਮਾਰੋਹ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ, ਉਹਨਾਂ ਨੂੰ www.rosetheatre.ca ਤੇ ਰੋਜ਼ ਥਿਏਟਰ ਦੇ ਬੌਕਸ ਔੱਫਿਸ (Rose Theatre's Box Office) ਰਾਹੀਂ ਆਪਣੀ ਸੀਟ ਬੁੱਕ ਕਰਨ ਦੀ ਲੋੜ ਹੈ।
- ਸੀਮਿਤ, ਪਹੁੰਚਯੋਗ ਸੀਟਾਂ ਉਪਲਬਧ ਹਨ, ਕਿਰਪਾ ਕਰਕੇ ਕੋਆਰਡੀਨੇਟ ਕਰਨ ਲਈ ਬੌਕਸ ਔੱਫਿਸ (Box Office) ਨੂੰ 905.874.2800 ਤੇ ਫੋਨ ਕਰੋ।
- ਮੀਡੀਆ ਦੇ ਮੈਂਬਰਾਂ ਨੂੰ ਟਿਕਟ ਰਾਖਵੀਂ ਕਰਨ ਦੀ ਲੋੜ ਨਹੀਂ ਹੈ; ਹਾਲਾਂਕਿ, ਅਧਿਕਾਰਤ ਮਾਨਤਾ ਪ੍ਰਾਪਤ ਕਰਨ ਲਈ, ਸ਼ਾਮਲ ਹੋਣ ਦੀ ਪੁਸ਼ਟੀ mediarelations@brampton.ca ਤੇ ਮੁਹੱਈਆ ਕਰਨੀ ਲਾਜ਼ਮੀ ਹੈ।
- ਅਧਿਕਾਰਤ ਸਮਾਰੋਹ ਰਾਤ ਨੂੰ 8 ਤੋਂ 9 ਵਜੇ ਤੱਕ ਚੱਲੇਗਾ, ਉਸਦੇ ਬਾਅਦ ਮੌਜੂਦ ਲੋਕਾਂ ਲਈ ਰੋਜ਼ ਥਿਏਟਰ ਵਿਖੇ ਇੱਕ ਰਿਸੈਪਸ਼ਨ ਹੋਵੇਗਾ।
- ਉਦਘਾਟਨ ਵਿੱਚ ਐਨੀਸ਼ਿਨਾਬੇ ਕਲਚਰਲ ਕੰਸਲਟੈਂਟ (Anishinaabe Cultural Consultant) ਦੁਆਰਾ ਸਮੱਜਿੰਗ ਸੈਰੇਮਨੀ (Smudging Ceremony); ਲੋਰਨ ਸਕੋਟਸ ਪਾਈਪਰ (Lorne Scots Piper), ਬ੍ਰੈਂਪਟਨ ਫਾਇਰ (Brampton Fire), ਐਨਫੋਰਸਮੈਂਟ (Enforcement), ਪੀਲ ਰੀਜਨਲ ਪੁਲਿਸ (Peel Regional Police) ਅਤੇ ਪੈਰਾਮੈਡਿਕ ਸਰਵਿਸਿਜ ਔਨਰ ਗਾਰਡਸ (Paramedic Services Honour Guards) ਵਲੋਂ ਸਮਾਰੋਹ ਸਬੰਧੀ ਸਵਾਰੀ ਕੱਢਣਾ ਸ਼ਾਮਲ ਹੋਵੇਗਾ।
- ਇਸਦੇ ਬਾਅਦ ਨਵੀਂ ਕਾਉਂਸਿਲ ਦਾ ਡੈਕਲਰੇਸ਼ਨ ਆਫ ਔੱਫਿਸ (Declaration of Office), ਮੇਅਰ ਦਾ ਉਦਘਾਟਨੀ ਭਾਸ਼ਣ ਅਤੇ ਅੰਤ ਵਿੱਚ ਨਵੀਂ ਕਾਉਂਸਿਲ ਵੱਲੋਂ ਕਨਫਰਮਿੰਗ ਬਾਇ-ਲਾਂ (Confirming By-law) ਮਨਜ਼ੂਰੀ ਲਈ ਜਾਏਗੀ।

BRAMPTON Flower City brampton.ca

media release

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca